Exam.Code:0002
Sub. Code: 0109

2071

B.A./B.Sc. (General) Second Semester

Punjabi (Elective)

Time allowed: 3 Hours | Max. Marks: 90

*x-x-x*

**ਨੋਟ- ਲਿਖਾਈ ਸ਼ੁੱਧ , ਸਾਫ਼ ਤੇ ਪੜਨ ਯੋਗ ਹੋਵੇ। ਪ੍ਰਸ਼ਨ ਦਾ ਪੂਰਾ ਭਾਗ ਇੱਕ ਥਾਂ ਕਰੋ ।**

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(1) ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ,
ਮੇਰੀਏ ਜੁਆਨ ਕਣਕੇ ।
ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿਚੋਂ ਨਿਕਲੇ,
ਤੂੰ ਸੋਨੇ ਦਾ ਪਟੋਲਾ ਬਣ ਕੇ
ਤੂੰ ਭੀ ਬਣ ਗਿਆ ਗ਼ਮਾਂ ਦਾ ਗੁਮੰਤਰੀ ।
ਓ! ਮੇਰੇ ਬੇ - ਜ਼ੁਬਾਨ ਢੋਂਗਿਆ ।
ਗਲ ਲੱਗ ਕੇ..

(2) ਸਮੇਂ ਦੇ ਨੇਰ ਨੇ ਨਿਗਲੀ ਤੁਹਾਡੇ ਪਿਆਰ ਦੀ ਮੰਜ਼ਿਲ
ਭੰਵਰ ਵਿਚ ਡੁੱਬ ਗਈ ਬੇੜੀ ਨਹੀਂ ਮਿਲਿਆ ਕੋਈ ਸਾਹਿਲ
ਕਦੋਂ ਤਕ ਹੋਰ ਤੜਪੇਗੀ ਤੁਹਾਡੇ ਸ਼ੌਕ ਦੀ ਪਾਇਲ
ਜਲਾਂ ਵਿਚ ਡੁਬਦੀਓ ਕੁੜੀਓ
ਥਲਾਂ ਵਿਚ ਸੜਦੀਓ ਕੁੜੀਓ .. 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ ਵਸਤੂ ਲਿਖੋ:
(1) ਸੁਆਲੀਆ ਫ਼ਿਕਰੇ
(2) ਸੰਦਾਂ ਦਾ ਸਫ਼ਰ 10

2. (ੳ) ਡਾ. ਸ਼ਲੀਮ ਨੇ ਜ਼ਰੀਨਾ ਨੂੰ ਉਸਦੇ ਪੇਟ ਵਿੱਚ ਦੋ ਬੱਚੇ ਹੋਣ ਦੇ ਸਦਮੇ ਵਿੱਚੋਂ ਬਾਹਰ ਕੱਢਣ ਲਈ ਕੀ ਕੀਤਾ ?

ਜਾਂ

ਕਿੱਕਰਾਂ ਵਾਲੇ ਬਾਬਾ ਜੀ ਬਾਰੇ ਤੁਸੀਂ ਕੀ ਜਾਣਦੇ ਹੋ? 10

(ਅ) ਬਲਦੇ ਦੀਵੇ ਨਾਵਲ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰੋ ।

ਜਾਂ

ਡਾ. ਸ਼ਲੀਮ ਦਾ ਪਾਤਰ-ਚਿਤਰਣ ਆਪਣੇ ਸ਼ਬਦਾਂ ਵਿੱਚ ਲਿਖੋ। 10

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦਾ ਸੰਖੇਪ ਉੱਤਰ ਦਿਓ :
(ੳ) ਕੀ 'ਬਲਦੇ ਦੀਵੇ' ਨਾਵਲ ਦਾ ਇਹ ਸਿਰਲੇਖ ਢੁੱਕਵਾਂ ਹੈ? ਚਰਚਾ ਕਰੋ।
(ਅ) ਮੁੰਡੇ ਦੇ ਜਨਮ ਮਗਰੋਂ ਚੌਧਰੀ ਸਾਹਿਬ ਨੇ ਅੰਦਰ ਦਾਖ਼ਿਲ ਹੁੰਦਿਆਂ ਕੀ ਕੀਤਾ?
(ੲ) ਹੱਕ ਨਵਾਜ਼ ਕੌਣ ਸੀ?
(ਸ) ਪਿੰਡ ਵਿੱਚ ਬਸੰਤ ਦਾ ਤਿਉਹਾਰ ਕਿਸ ਤਰ੍ਹਾਂ ਮਨਾਇਆ ਗਿਆ ਸੀ?
(ਹ) 'ਪ੍ਰਤਿਬੱਧਤਾ' ਕਵਿਤਾ ਦਾ ਵਿਸ਼ਾ ਕੀ ਹੈ? ਸਪਸ਼ਟ ਕਰੋ।
(ਕ) 'ਖ਼ਤਾਂ ਦੀ ਉਡੀਕ' ਕਵਿਤਾ ਦਾ ਕੇਂਦਰੀ ਭਾਵ ਲਿਖੋ।
(ਖ) ਨਕਸ਼-ਨੁਹਾਰ ਕਾਵਿ-ਸੰਗ੍ਰਿਹ ਵਿੱਚ ਨਵਤੇਜ ਭਾਰਤੀ ਦੀਆਂ ਲਿਖੀਆਂ ਕਵਿਤਾਵਾਂ ਦੇ ਨਾਂ ਲਿਖੋ।
(ਗ) ਕਵੀ ਸੁਖਪਾਲ ਅਨੁਸਾਰ ਮਨੁੱਖ ਅੰਦਰ ਕਿਹੜੇ-ਕਿਹੜੇ ਪੰਜ ਤੱਤ ਵਸਦੇ ਹਨ? (5x2)=10

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਚਾਰ** ਪ੍ਰਸ਼ਨ ਕਰੋ:
(ੳ) ਨਾਨਕ ਸਿੰਘ ਦਾ ਪੰਜਾਬੀ ਨਾਵਲ ਵਿੱਚ ਕੀ ਯੋਗਦਾਨ ਹੈ? ਉਸਦੇ ਸਮੁੱਚੇ ਨਾਵਲਾਂ ਦੇ ਨਾਂ ਲਿਖੋ।
(ਅ) ਪੰਜਾਬੀ ਦੇ ਪ੍ਰਮੁੱਖ ਕਹਾਣੀਕਾਰਾਂ ਬਾਰੇ ਸੰਖੇਪ ਜਾਣਕਾਰੀ ਦਿਓ।
(ੲ) ਪੰਜਾਬੀ ਸਫ਼ਰਨਾਮਾ ਦਾ ਸੰਖੇਪ ਇਤਿਹਾਸ ਲਿਖਦੇ ਹੋਏ ਪ੍ਰਮੁੱਖ ਸਫ਼ਰਨਾਮਾ ਲੇਖਕਾਂ ਦੇ ਨਾਂ ਲਿਖੋ।

P.T.O.

(ਸ) ਮੋਹਨ ਭੰਡਾਰੀ ਕਿਹੋ ਜਿਹਾ ਕਹਾਣੀਕਾਰ ਹੈ? ਉਸ ਦੁਆਰਾ ਲਿਖੇ ਗਏ ਕਹਾਣੀ-ਸੰਗ੍ਰਿਹਾਂ ਦੇ ਨਾਂ ਲਿਖੋ।
(ਹ) ਪੰਜਾਬੀ ਦੇ ਨਾਵਲ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਵਿੱਚ ਲਿਖੋ।
(ਕ) ਪੰਜਾਬੀ ਦੇ ਪੰਜ ਸਫ਼ਰਨਾਮਿਆਂ ਅਤੇ ਉਹਨਾਂ ਦੇ ਲੇਖਕਾਂ ਦੇ ਨਾਂ ਲਿਖੋ। 4x5=20

5. ਅਲੰਕਾਰ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੀਆਂ ਕਿਸਮਾਂ ਬਾਰੇ ਲਿਖੋ।

ਜਾਂ

ਧੁਨੀ ਸੰਪ੍ਰਦਾਇ ਦੀ ਭਾਰਤੀ ਕਾਵਿ-ਸ਼ਾਸਤਰ ਵਿੱਚ ਕੀ ਮਹਤੱਤਾ ਹੈ? 10

6. ਸਾਹਿਤ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਪ੍ਰਯੋਜਨ ਬਾਰੇ ਜਾਣਕਾਰੀ ਦਿਓ।

ਜਾਂ

ਸਾਹਿਤ ਦੇ ਜ਼ਰੂਰੀ ਤੱਤ ਕਿਹੜੇ ਹਨ? ਉਹਨਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ। 10

*x-x-x*